Tender Heart High School Sec-33 B Chd

Class -10

Topic- ਮੁਹਾਵਰੇ

Ramandeep Kaur

Page-1

ਵਿਦਿਆਰਥੀਓ ਇਸ ਹਫਤੇ ਅਸੀਂ ਦਸਵੀਂ ਜਮਾਤ ਦੇ ਵਿਆਕਰਣ ਭਾਗ ਵਿੱਚੋਂ ਮੁਹਾਵਰੇ ਵਿਚਾਰਾਂਗੇ। ਭੇਜੇ ਜਾ ਰਹੇ ਹਲ ਸਹਿਤ ਮੁਹਾਵਰੇ ਤੁਹਾਡੀ ਵਿਆਕਰਣ ਪੁਸਤਕ ਤੋਂ ਲਿਆਂਦਾ ਹਨ। ਇਹਨਾਂ ਨੂੰ ਚੰਗੀ ਤਰ੍ਹਾਂ ਪੜ੍ਹੋ, ਸਮਝੋ ਅਤੇ ਆਪਣੀ ਲਿਖਤ ਵਿੱਚ ਵਰਤੋ।

46. **ਸਾਹ ਵਿੱਚ ਸਾਹ ਆਉਣਾ** : (ਕਿਸੇ ਮੁਸੀਬਤ ਤੋਂ ਨਿਕਲ ਕੇ ਸਧਾਰਨ ਅਵਸਥਾ ਵਿੱਚ ਹੋਣਾ) ਭੜਕੀ ਹੋਈ ਭੀੜ ਨੇ ਜਦ ਸਾਡੀ ਅਬਾਦੀ ਨੂੰ ਲੁੱਟਣਾ ਸ਼ੁਰੂ ਕੀਤਾ ਤਾਂ ਸਾਰੀ ਵੱਸੋਂ ਨੂੰ ਹੱਥਾਂ-ਪੈਰਾਂ ਦੀ ਪੈ ਗਈ ; ਇਕ-ਦਮ ਪੁਲਿਸ ਦੇ ਪੁੱਜਣ 'ਤੇ ਸਾਡੇ ਸਾਹ ਵਿੱਚ ਸਾਹ ਆਇਆ।

47. **ਸਾਖੀ ਭਰਨੀ** : (ਗਵਾਹੀ ਦੇਣੀ) ਭਲੇਮਾਣਸ ਦੀ ਤਾਂ ਹਰ ਕੋਈ ਸਾਖੀ ਭਰਨ ਨੂੰ ਤਿਆਰ ਹੁੰਦਾ ਹੈ ਪਰ ਭੈੜੇ ਤੋਂ ਸਭ ਕੰਨੀ ਕਤਰਾਉਂਦੇ ਹਨ।

48. **ਸਿਰ ਚੜ੍ਹਨਾ** : (ਮੱਛਰਨਾ) ਬਦਮਾਸ਼ ਲਾਡ ਕਰਨ ਨਾਲ ਸਿਰੇ ਚੜ੍ਹਦਾ ਹੈ ਪਰ ਜੁੱਤੀ ਮਾਰਨ ਨਾਲ ਸੂਤ ਰਹਿੰਦਾ ਹੈ।

49. **ਸਿਰ ਹੋਣਾ** : (ਕਿਸੇ ਭੈੜੇ ਦੇ ਮਗਰ ਪੈ ਜਾਣਾ) ਜਿੱਥੇ ਭਲੇਮਾਣਸ ਨੂੰ ਆਦਰ-ਸਤਿਕਾਰ ਦੇਣਾ ਬਣਦਾ ਹੈ, ਉੱਥੇ ਭੈੜੇ ਦੇ ਸਿਰ ਹੋਣਾ ਚਾਹੀਦਾ ਹੈ।

50. **ਸਿਰ ਖੁਰਕਣ ਦੀ ਵਿਹਲ ਨਾ ਹੋਣੀ** : (ਬਹੁਤ ਰੁੱਝੇ ਰਹਿਣਾ) ਇਮਤਿਹਾਨ ਦੇ ਦਿਨਾਂ ਵਿੱਚ ਮਿਹਨਤੀ ਵਿਦਿਆਰਥੀਆਂ ਨੂੰ ਸਿਰ ਖੁਰਕਣ ਦੀ ਵਿਹਲ ਨਹੀਂ ਹੁੰਦੀ।

51. **ਸਿਰ ਗਿੱਟਿਆਂ ਵਿੱਚ ਦੇਣਾ** : (ਸ਼ਰਮਿੰਦਗੀ ਉਠਾਉਣੀ) ਮੌਕੇ 'ਤੇ ਫੜੇ ਗਏ ਚੋਰ ਨੇ ਪੰਚਾਇਤ ਅੱਗੇ ਪੇਸ਼ ਹੋਣ ਵੇਲੇ ਸਿਰ ਗਿੱਟਿਆਂ ਵਿਚ ਦੇ ਦਿੱਤਾ।

52. **ਸਿਰ 'ਤੇ ਪੈਣਾ** : (ਮੁਸੀਬਤ ਆ ਪੈਣੀ) 1984 ਦੇ ਦੰਗਿਆਂ ਵੇਲੇ ਦਿੱਲੀ, ਕਾਨ੍ਹਪੁਰ ਆਦਿ ਸ਼ਹਿਰਾਂ ਦੇ ਸਿੱਖਾਂ ਦੇ ਸਿਰ ਆ ਪਈ, ਉਨ੍ਹਾਂ ਦੇ ਪਰਿਵਾਰ ਦੇ ਕਈ-ਕਈ ਜੀਅ ਮਾਰੇ ਗਏ, ਘਰ-ਘਾਟ ਸਾੜ ਦਿੱਤੇ ਗਏ।

53. **ਸਿਰ ਦੇਣਾ** : (ਜਾਨ ਕੁਰਬਾਨ ਕਰਨੀ) ਸ਼ਹੀਦ ਭਗਤ ਸਿੰਘ ਨੇ ਦੇਸ਼ ਨੂੰ ਅਜ਼ਾਦ ਕਰਾਉਣ ਖ਼ਾਤਰ ਆਪਣਾ ਸਿਰ ਦਿੱਤਾ।

54. **ਸਿਰ ਨਾ ਪੈਰ ਹੋਣਾ** : (ਨਿਰਾ ਝੂਠ, ਜਿਸ ਦਾ ਕੁਝ ਵੀ ਪਤਾ ਨਾ ਹੋਏ) ਸਰਪੰਚ ਨੇ ਬਿਕਰਮ ਨੂੰ ਝਾੜਦਿਆਂ ਕਿਹਾ ਕਿ ਤੇਰੇ ਬਿਆਨਾਂ ਵਿਚ ਸਿਰ ਨਾ ਪੈਰ ਹੈ, ਤੂੰ ਝੂਠੇ ਸ਼ਾਹ ਏਂ।

55. **ਸਿਰ ਫਿਰਨਾ** : (ਪਾਗ਼ਲ ਹੋਣਾ) ਗੁਰੂ ਅਮਰ ਦਾਸ ਜੀ ਦੇ 'ਕਮਲੀਏ' ਕਹਿਣ ਦੀ ਦੇਰ ਸੀ ਕਿ ਜੁਲਾਹੀ ਦਾ ਸਿਰ ਫਿਰ ਗਿਆ, ਉਸ ਆਪਣੇ ਕੱਪੜੇ ਪਾੜਨੇ ਤੇ ਘਰ ਦੀਆਂ ਚੀਜ਼ਾਂ-ਵਸਤਾਂ ਨੂੰ ਭੰਨਣਾ ਸ਼ੁਰੂ ਕਰ ਦਿੱਤਾ।

56. **ਸਿਰ ਮੜ੍ਹਨਾ** : (ਵਿਗੜਿਆ ਕੰਮ ਕਿਸੇ ਦੇ ਮੱਥੇ ਲਾਉਣਾ) ਇਹ ਵਾਜਾ ਤਾਂ ਸਤਿੰਦਰ ਨੇ ਆਪ ਖ਼ਰਾਬ ਕੀਤਾ ਹੈ, ਹੁਣ ਖ਼ਾਹ-ਮਖ਼ਾਹ ਮੇਰੇ ਸਿਰ ਮੜ੍ਹ ਰਿਹਾ ਹੈ।

57. **ਸਿਰ-ਮੱਥੇ ਉੱਤੇ ਮੰਨਣਾ** : (ਖ਼ੁਸ਼ੀ ਨਾਲ ਮੰਨਣਾ) ਸਾਨੂੰ ਵੱਡਿਆਂ ਦਾ ਕਹਿਣਾ ਸਿਰ-ਮੱਥੇ ਉੱਤੇ ਮੰਨਣਾ ਚਾਹੀਦਾ ਹੈ।

58. **ਸਿਰ ਮੁੰਨਣਾ** : (ਠੱਗਣਾ) ਭਾਟੜੇ ਨੇ ਹੱਥ ਦੀਆਂ ਲਕੀਰਾਂ ਪੜ੍ਹ ਕੇ ਪੇਸ਼ੀਨਗੋਈ ਕਰਦਿਆਂ ਕਈ ਇਸਤਰੀਆਂ ਦਾ ਸਿਰ ਮੁੰਨਿਆ ਤੇ ਇਕ-ਦਮ ਪੱਤਰਾ ਵਾਚ ਗਿਆ।

59. **ਸਿਰ ਲੁਕਾਉਣਾ** : (ਜਿਵੇਂ-ਕਿਵੇਂ ਵਕਤ ਕੱਢਣਾ) ਵੇਲਾ ਹੱਥੋਂ ਗਵਾ ਕੇ ਹੁਣ ਬਿਹਾਰੀ ਸਿਰ ਲੁਕਾਉਂਦਾ ਫਿਰਦਾ ਹੈ।

60. **ਸਿਰੋਂ ਨੰਗਾ ਹੋਣਾ** : (ਵਿਧਵਾ ਹੋਣਾ) ਕਾਰਗਿਲ ਦੀ ਲੜਾਈ ਵਿੱਚ ਫ਼ੌਜੀਆਂ ਦੀਆਂ ਸ਼ਹੀਦੀਆਂ ਕਾਰਨ ਬੇਅੰਤ ਇਸਤਰੀਆਂ ਸਿਰੋਂ ਨੰਗੀਆਂ ਹੋਈਆਂ।

61. **ਸਿਰੋਂ ਪਾਣੀ ਲੰਘ ਜਾਣਾ** : (ਕਿਸੇ ਗੱਲ ਦਾ ਬਹੁਤ ਵਿਗੜ ਜਾਣਾ) ਕਸ਼ਮੀਰ ਦਾ ਮਸਲਾ ਭਾਰਤ ਦੀ ਆਰਥਿਕਤਾ ਨੂੰ ਬਹੁਤ ਹਾਨੀ ਪਹੁੰਚਾ ਰਿਹਾ ਹੈ, ਕੋਈ ਹੱਲ ਨਜ਼ਰ ਨਹੀਂ ਆ ਰਿਹਾ, ਮਾਨੋ ਸਿਰੋਂ ਪਾਣੀ ਲੰਘ ਗਿਆ ਹੋਵੇ।

62. **ਸੁੱਤੀਆਂ ਕਲਾਂ ਜਗਾਉਣੀਆਂ** : (ਮੱਠੇ ਪੈ ਗਏ ਝਗੜੇ ਨੂੰ ਮੁੜ ਛੂਹ ਬਹਿਣਾ) ਕੋਈ ਵੀ ਸੂਝਵਾਨ ਸੁੱਤੀਆਂ ਕਲਾਂ ਨਹੀਂ ਜਗਾਇਆ ਕਰਦਾ।

Class-10 ਮੁਹਾਵਰੇ Ramandeep kaur (P-2)

63. **ਸੋਹਿਲੇ ਸੁਣਾਉਣੇ** : (ਗਾਲ੍ਹੀਆਂ ਦੇਣਾ) ਅਸੱਭਿਆ ਜੀਅ ਹੀ ਸੋਹਿਲੇ ਸੁਣਾਇਆ ਕਰਦੇ ਹਨ ਕਿਉਂਕਿ ਉਨ੍ਹਾਂ ਸ਼ਰਮ-ਹਯਾ ਨੂੰ ਕਿੱਲੀ 'ਤੇ ਟੰਗਿਆ ਹੁੰਦਾ ਹੈ।

64. **ਸੋਡ ਚਾੜ੍ਹਨੀ** : (ਚੰਗੀ ਤਰ੍ਹਾਂ ਕੁੱਟਣਾ) ਚੋਰ ਨੂੰ ਜਦ ਪੁਲਿਸ ਨੇ ਸੋਡ ਚਾੜ੍ਹੀ ਤਾਂ ਉਹ ਕਈ ਚੋਰੀਆਂ ਮੰਨ ਗਿਆ।

65. **ਹਜਾਮਤ ਕਰਨਾ** : (ਠੱਗਣਾ) ਠੱਗੀ ਵੀ ਇੱਕ ਹੁਨਰ ਹੈ, ਹਰ ਕੋਈ ਹਜਾਮਤ ਨਹੀਂ ਕਰ ਸਕਦਾ।

66. **ਹੱਡ ਭੰਨਣੇ** : (ਮਿਹਨਤ ਕਰਨੀ) ਸਫ਼ਲਤਾ ਹੱਡ ਭੰਨਣ ਵਾਲਿਆਂ ਦੇ ਪੈਰ ਚੁੰਮਦੀ ਹੈ।

67. **ਹੱਥ ਚੁੱਕਣਾ** : (ਮਾਰਨਾ) ਕਿਸੇ ਵੀ ਪਤੀ ਨੂੰ ਆਪਣੀ ਪਤਨੀ 'ਤੇ ਹੱਥ ਨਹੀਂ ਚੁੱਕਣਾ ਚਾਹੀਦਾ, ਨਹੀਂ ਤਾਂ ਉਹ ਵੀ ਜਵਾਬੀ ਕਾਰਵਾਈ ਕਰਨ 'ਤੇ ਮਜਬੂਰ ਹੋ ਜਾਏਗੀ।

68. **ਹੱਥ 'ਤੇ ਧਰਨਾ** : (ਕੁਝ ਦੇਣਾ) ਹੱਟੇ-ਕੱਟੇ ਮੁਸ਼ਟੰਡਿਆਂ ਦੇ ਹੱਥਾਂ 'ਤੇ ਧਰਨ ਨਾਲ ਸਮਾਜ ਵਿੱਚ ਹਰਾਮ-ਖ਼ੋਰਾਂ ਦੀ ਸੰਖਿਆ ਵਧ ਜਾਏਗੀ।

69. **ਹੱਥ ਧੋ ਬੈਠਣਾ** : (ਨਿਰਾਸ ਹੋ ਜਾਣਾ) **ਸਾਨੂੰ ਹਿੰਮਤ ਨਹੀਂ ਹਾਰਨੀ ਚਾਹੀਦੀ, ਅਸਫ਼ਲ ਹੋਣ 'ਤੇ ਵੀ ਜੀਵਨ ਤੋਂ ਹੱਥ ਨਹੀਂ** ਧੋ ਬੈਠਣੇ ਚਾਹੀਦੇ।

70. **ਹੱਥ ਪਾਉਣਾ** : (ਕੰਮ ਸ਼ੁਰੂ ਕਰਨਾ) **ਬੀ.ਏ., ਬੀ.ਐੱਡ. ਕਰਕੇ ਵੀ ਮੈਨੂੰ ਨੌਕਰੀ ਨਹੀਂ ਮਿਲੀ, ਹੁਣ ਮੈਂ ਨਿੱਕੇ-ਮੋਟੇ ਵਪਾਰ ਵਿੱਚ** ਹੱਥ ਪਾ ਰਿਹਾ ਹਾਂ ; ਵੇਖੋ ਰੰਗ ਕਰਤਾਰ ਦੇ।

71. **ਹੱਥ ਫੇਰ ਜਾਣਾ** : (ਸਭ ਕੁਝ ਲੁੱਟ-ਪੁੱਟ ਕੇ ਲੈ ਜਾਣਾ) **ਚੋਰ ਪਿਛਲੇ ਕਮਰੇ ਵਿੱਚ ਸੰਨ੍ਹ ਲਾ ਕੇ ਅੰਦਰ ਚਲੇ ਗਏ ਅਤੇ ਥੋੜ੍ਹੇ** ਸਮੇਂ ਵਿੱਚ ਹੀ ਹੱਥ ਫੇਰ ਕੇ ਤਿੱਤਰ ਹੋ ਗਏ।

72. **ਹੱਥ ਮਲਣਾ** : (ਪਛਤਾਉਣਾ) ਜਾਣ-ਬੁੱਝ ਕੇ ਗ਼ਲਤ ਕਰ ਕੇ ਹੱਥ ਮਲਣ ਦਾ ਕੀ ਲਾਭ ?

73. **ਹੱਥਾਂ ਉੱਤੇ ਪਾਉਣਾ** : (ਆਪਣੇ ਵੱਸ ਵਿੱਚ ਕਰਨਾ) ਕਈ ਤਾਂਤ੍ਰਿਕ ਮੰਤਰ ਪੜ੍ਹ ਕੇ ਹੱਥਾਂ ਉੱਤੇ ਪਾ ਕੇ ਖ਼ੂਬ ਲੁਟਦੇ ਹਨ।

74. **ਹੱਥੀਂ ਛਾਂਵਾਂ ਕਰਨੀਆਂ** : (ਆਦਰ-ਮਾਣ ਕਰਨਾ) ਹਰ ਆਦਰਸ਼ਕ ਵਿਦਿਆਰਥੀ ਆਪਣੇ ਅਧਿਆਪਕਾਂ ਨੂੰ ਹੱਥੀਂ ਛਾਂਵਾਂ ਕਰਦਾ ਹੈ।

75. **ਹੱਥੋ-ਹੱਥੀ ਲੱਗ ਜਾਣਾ** : (ਛੇਤੀ ਵਿਕ ਜਾਣਾ) ਚੰਗਾ ਮਾਲ ਇੱਕ-ਦਮ ਹੱਥੋ-ਹੱਥੀ ਲੱਗ ਜਾਂਦਾ ਹੈ ਪਰ ਮਾੜਾ ਸੜ-ਸੁੱਕ ਜਾਂਦਾ ਹੈ।

76. **ਹਰਨ ਹੋ ਜਾਣਾ** : (ਦੌੜ ਜਾਣਾ) ਪੁਲਿਸ ਨੂੰ ਵੇਖਦਿਆਂ ਸਾਰ ਹੀ ਅੱਤਵਾਦੀ ਹਰਨ ਹੋ ਗਏ।

77. **ਹਵਾਈਆਂ ਉੱਡਣੀਆਂ** : (ਚਿਹਰੇ ਦਾ ਰੰਗ ਫੱਕ ਹੋ ਜਾਣਾ) ਗ਼ਜ਼ਟ ਦੇਖ ਕੇ ਜਦ ਜਸਵੰਤ ਨੂੰ ਪਤਾ ਲੱਗਿਆ ਕਿ ਉਹ ਫ਼ੇਲ੍ਹ ਹੋ ਗਿਆ ਹੈ ਤਾਂ ਉਸ ਦੀਆਂ ਹਵਾਈਆਂ ਉੱਡੀਆਂ ਤੇ ਉਹ ਅਵਾਕ ਹੋ ਕੇ ਰਹਿ ਗਿਆ।

78. **ਹਾਜ਼ਰੀ ਭਰਨੀ** : (ਸੇਵਾ ਵਿੱਚ ਰਹਿਣਾ) ਕਈ ਕਲਰਕ ਆਪਣੇ ਅਫ਼ਸਰ ਦੀ ਕੇਵਲ ਹਾਜ਼ਰੀ ਭਰਨੀ ਹੀ ਜਾਣਦੇ ਹਨ, ਕੰਮ-ਕਾਰ ਦਾ ਉਨ੍ਹਾਂ ਨੂੰ ਕੁਝ ਪਤਾ ਨਹੀਂ ਹੁੰਦਾ।

79. **ਹਾਮੀ ਭਰਨੀ** : (ਕਿਸੇ ਦੀ ਜ਼ਮਾਨਤ ਦੇਣੀ) ਪ੍ਰਭੂ ਦੀ ਦਰਗਾਹ ਵਿੱਚ ਨੇਕ-ਚਲਨ ਦੀ ਗੁਰ-ਪੀਰ ਹਾਮੀ ਭਰਦੇ ਹਨ।

80. **ਹਿੱਕ ਕੱਢ ਕੇ ਤੁਰਨਾ** : (ਆਕੜ ਨਾਲ ਤੁਰਨਾ) ਧਰਮਾਤਮਾ ਹਿੱਕ ਕੱਢ ਕੇ ਤੁਰਨ ਨਾਲੋਂ ਨਿਮਰ ਹੋ ਕੇ ਜੀਵਨ ਬਤੀਤ ਕਰਦੇ ਹਨ।

81. **ਹਿੱਕ 'ਤੇ ਮੂੰਗ ਦਲਣਾ** : (ਦੁਖੀ ਕਰਨਾ) ਹਰਨਾਮੋ ਦਾ ਇਕਲੌਤਾ ਬੇਟਾ ਕੁਝ ਕੰਮ ਨਹੀਂ ਕਰਦਾ, ਉਹ ਤਾਂ ਮਾਪਿਆਂ ਦੀ ਹਿੱਕ 'ਤੇ ਮੂੰਗ ਦਲਦਾ ਹੈ।

82. **ਹੋਏ-ਹੋਏ ਹੋਣੀ** : (ਬਦਨਾਮੀ ਦਾ ਰੌਲਾ ਪੈਣਾ) ਜਦ ਸੁਰਜੀਤ ਦੀ ਲੜਕੀ ਆਪਣੇ ਪ੍ਰੇਮੀ ਨਾਲ ਉੱਧਲ ਗਈ ਤਾਂ ਇਲਾਕੇ ਵਿੱਚ ਉਸ ਦੀ ਚੰਗੀ ਹੋਏ-ਹੋਏ ਹੋ ਗਈ।

83. **ਕੱਛਾਂ ਵਜਾਉਣੀਆਂ** : (ਖ਼ੁਸ਼ੀ ਵਿੱਚ ਨੱਚਣਾ-ਟੱਪਣਾ) ਪ੍ਰੀਤੋ ਆਪਣੇ ਵੀਰ ਦੇ ਵਿਆਹ ਦੀ ਖ਼ੁਸ਼ੀ ਵਿੱਚ ਕੱਛਾਂ ਵਜਾਉਂਦੀ ਫਿਰਦੀ ਹੈ।

84. **ਕਠਪੁਤਲੀ ਹੋਣਾ** : (ਇਸ਼ਾਰੇ 'ਤੇ ਨੱਚਣਾ) ਸੋਚ-ਸਮਝ ਵਾਲਾ ਆਦਮੀ ਕਿਸੇ ਦੀ ਕਠਪੁਤਲੀ ਨਹੀਂ ਹੁੰਦਾ।

85. **ਕਰਨੀ ਭਰਨੀ** : (ਕੀਤਾ ਭੋਗਣਾ) ਹਰ ਇੱਕ ਨੂੰ ਆਪਣੀ ਕਰਨੀ ਭਰਨੀ ਪੈਣੀ ਹੈ, ਇਸ ਲਈ ਕਰਨੀ ਨੂੰ ਬੇਲਗਾਮਾ ਨਹੀਂ ਹੋਣ ਦੇਣਾ ਚਾਹੀਦਾ।

86. **ਕੁੱਛੜ ਬਹਿ ਕੇ ਦਾਹੜੀ ਖੋਹਣੀ** : (ਆਪਣਾ ਹੋ ਕੇ ਬੇਇਜ਼ਤੀ ਕਰਨੀ) "ਸੁਰਜੀਤ ਨੂੰ ਬਹੁਤਾ ਮੂੰਹ ਨਾ ਲਾ, ਇਹ ਕੁੱਛੜ ਬਹਿ ਕੇ ਦਾਹੜੀ ਖੋਹਣ ਵਾਲਾ ਹੈ।" ਮਾਂ ਨੇ ਪੁੱਤਰ ਨੂੰ ਸਮਝਾਉਂਦਿਆਂ ਕਿਹਾ।

87. **ਕੁੱਤੇ ਦੀ ਮੌਤ ਮਰਨਾ** : (ਭੈੜੀ ਮੌਤੇ ਮਰਨਾ) ਮਾੜੀਆਂ ਕਰਤੂਤਾਂ ਕਰਨ ਵਾਲੇ ਕੁੱਤੇ ਦੀ ਮੌਤ ਮਰਦੇ ਹਨ।

88. **ਕੁਫ਼ਰ ਤੋਲਣਾ** : (ਰੱਬ ਦੇ ਵਿਰੁੱਧ ਬੋਲਣਾ, ਨਿੰਦਿਆ ਕਰਨੀ, ਝੂਠ ਬੋਲਣਾ) ਸਾਨੂੰ ਭੁੱਲ ਕੇ ਵੀ ਕੁਫ਼ਰ ਨਹੀਂ ਤੋਲਣਾ ਚਾਹੀਦਾ, ਸਰਬ-ਵਿਆਪਕ ਪਰਮਾਤਮਾ ਸਭ ਕੁਝ ਦੇਖਦਾ-ਸੁਣਦਾ ਹੈ।

Class-10 Ramandeep Kaur

Topic- ਮੁਹਾਵਰੇ Page- 3

89. **ਕੌੜੀ ਵੇਲ ਵਾਂਗ ਵਧਣਾ** : (ਬਹੁਤ ਤਰੱਕੀ ਕਰਨੀ) ਮਹਿੰਦਰ ਬੜਾ ਭਾਗਵਾਨ ਹੈ, ਜਿਸ ਵੀ ਕੰਮ ਨੂੰ ਹੱਥ ਪਾਉਂਦਾ ਹੈ, ਕੌੜੀ ਵੇਲ ਵਾਂਗ ਵਧਦਾ ਜਾਂਦਾ ਹੈ।

90. **ਕੌੜੇ ਘੁੱਟ ਭਰਨੇ** : (ਕਠਨ ਕੰਮ ਸਬਰ ਨਾਲ ਕਰਨਾ) ਜੀਵਨ ਵਿੱਚ ਸਫਲ ਹੋਣ ਲਈ ਰਾਤ-ਦਿਨ ਇੱਕ ਕਰਨਾ ਪੈਂਦਾ ਹੈ, ਕੌੜੇ ਘੁੱਟ ਭਰਨੇ ਪੈਂਦੇ ਹਨ।

91. **ਕੰਨ ਹੋਣੇ** : (ਨਸੀਹਤ ਹੋਣੀ) ਗੁਰੂ ਨਾਨਕ ਦੇਵ ਜੀ ਨੂੰ ਖ਼ਤਮ ਕਰਨ ਲਈ ਵਲੀ ਕੰਧਾਰੀ ਵੱਲੋਂ ਰੇੜ੍ਹੀ ਗਈ ਪਹਾੜੀ ਗੁਰੂ ਜੀ ਦੇ ਪੰਜੇ ਦੁਆਰਾ ਰੁਕ ਗਈ ਅਤੇ ਉਸ ਵਿੱਚੋਂ ਪਾਣੀ ਵਹਿਣ ਲੱਗ ਪਿਆ। ਆਪਣੇ ਸੁੱਕੇ ਖੂਹ ਨੂੰ ਵੇਖ ਕੇ ਵਲੀ ਨੂੰ ਕੰਨ ਹੋ ਗਏ ਤੇ ਉਹ ਉਪਰੋਂ ਹੀ ਗੁਰੂ ਜੀ ਨੂੰ ਸਿਜਦੇ ਕਰਨ ਲੱਗ ਪਿਆ।

92. **ਕੰਨ ਘੇਸਲ ਮਾਰਨਾ** : (ਸੁਣੀ ਅਣਸੁਣੀ ਕਰ ਦੇਣੀ) ਸਦਾ ਚੇਤੰਨ ਰਹਿਣਾ ਚਾਹੀਦਾ ਹੈ, ਕੰਨ ਘੇਸਲ ਮਾਰਨ ਨਾਲ ਗੱਲ ਨਹੀਂ ਬਣਿਆ ਕਰਦੀ।

93. **ਕੰਨ 'ਤੇ ਜੂੰ ਨਾ ਸਰਕਣੀ** : (ਜ਼ਰਾ ਜਿੰਨਾ ਵੀ ਧਿਆਨ ਨਾ ਦੇਣਾ) ਗੁਰੂ ਨਾਨਕ ਦੇਵ ਜੀ ਨੇ ਬਾਬਰ ਨੂੰ ਜਾਬਰ ਤੀਕ ਕਹਿ ਕੇ ਬੜਾ ਸਮਝਾਇਆ ਪਰ ਉਸ ਦੇ ਕੰਨ 'ਤੇ ਜੂੰ ਨਾ ਸਰਕੀ।

94. **ਕੰਨ ਭਰਨੇ** : (ਚੁਗਲੀਆਂ ਕਰਨੀਆਂ, ਚੁੱਕਾਂ ਦੇਣੀਆਂ) ਚੁਗਲਖ਼ੋਰ ਅਫ਼ਸਰਾਂ ਦੇ ਕੰਨ ਭਰਦੇ ਹਨ ਪਰ ਓੜਕ ਉਨ੍ਹਾਂ ਦਾ ਪੋਲ ਖੁੱਲ੍ਹ ਕੇ ਰਹਿੰਦਾ ਹੈ।

95. **ਕੰਨ ਵਲ੍ਹੇਟ ਕੇ ਟੁਰ ਜਾਣਾ** : (ਚੁੱਪ-ਚਾਪ ਟੁਰ ਜਾਣਾ) ਝਗੜੇ ਵਿੱਚ ਆਪਣੀ ਦਾਲ ਨਾ ਗਲਦੀ ਵੇਖ ਕੇ ਕਮਲਜੀਤ ਕੰਨ ਵਲ੍ਹੇਟ ਕੇ ਟੁਰ ਗਿਆ।

96. **ਕੰਨੀ ਕਤਰਾਉਣੀ** : (ਦੂਰ-ਦੂਰ ਰਹਿਣਾ) ਜੀਵਨ ਦੀਆਂ ਜ਼ੁੰਮੇਵਾਰੀਆਂ ਤੋਂ ਕੰਨੀ ਨਹੀਂ ਕਤਰਾਉਣੀ ਚਾਹੀਦੀ।

97. **ਖ਼ਾਨਾ ਅਬਾਦ ਹੋਣਾ** : (ਵਿਆਹ ਹੋਣਾ, ਘਰ ਵਸ ਜਾਣਾ) ਘਰ-ਬਾਹਰ ਛੱਡ ਕੇ ਜੰਗਲੀਂ ਜਾ ਰਹਿਣ ਨਾਲੋਂ ਖ਼ਾਨਾ ਅਬਾਦ ਹੋਣ ਵਿੱਚ ਅਲਾਹੀ ਅਨੰਦ ਹੈ।

98. **ਖ਼ਾਨਿਓਂ ਜਾਣੀ** : (ਕੁਝ ਨਾ ਸੁੱਝਣਾ) ਅਚਨਚੇਤ ਪਿਤਾ ਜੀ ਦੇ ਸੁਰਗਵਾਸ ਹੋ ਜਾਣ ਦੀ ਖ਼ਬਰ ਸੁਣ ਕੇ ਮੇਰੀ ਖ਼ਾਨਿਓਂ ਗਈ।

99. **ਖ਼ਾਰ ਖਾਣੀ** : (ਈਰਖਾ ਕਰਨੀ) ਕਿਸੇ ਦੀ ਖ਼ੁਸ਼ਹਾਲੀ ਵੇਖ ਕੇ ਸਾਨੂੰ ਖਾਰ ਖਾਣ ਨਾਲੋਂ ਖ਼ੁਸ਼ ਹੋਣਾ ਚਾਹੀਦਾ ਹੈ।

100. **ਖ਼ੇਹ ਛਾਣਦੇ ਫਿਰਨਾ** : (ਥਾਂ-ਥਾਂ ਟੱਕਰਾਂ ਮਾਰਨੀਆਂ) ਦਲੀਪਾ ਪੜ੍ਹਨ ਵੇਲੇ ਪੜ੍ਹਿਆ ਨਹੀਂ, ਹੁਣ ਬੇਰੁਜ਼ਗਾਰੀ ਦਾ ਮਾਰਿਆ ਥਾਂ-ਥਾਂ ਖ਼ੇਹ ਛਾਣਦਾ ਫਿਰਦਾ ਹੈ।

101. **ਖੋਤੇ ਉੱਤੇ ਚੜ੍ਹਾਉਣਾ** : (ਬੇਇੱਜ਼ਤ ਕਰਨਾ) ਅਮਲੀਆਂ ਨੂੰ ਪੰਚਾਇਤ ਖੋਤੇ ਉੱਤੇ ਚੜ੍ਹਾਉਂਦੀ ਹੈ, ਉਹ ਲੋਕਾਂ ਨੂੰ ਮੂੰਹ ਵਿਖਾਉਣ ਜੋਗੇ ਨਹੀਂ ਰਹਿੰਦੇ।

102. **ਖੰਡ-ਖੀਰ ਹੋਣਾ** : (ਰਲ-ਮਿਲ ਕੇ ਰਹਿਣਾ) ਜੇ ਘਰ ਦੇ ਸਾਰੇ ਜੀਅ ਖੰਡ-ਖੀਰ ਹੋਣ ਤਾਂ ਇਹ ਸੰਸਾਰ ਉਨ੍ਹਾਂ ਲਈ ਸਵਰਗ, ਨਹੀਂ ਤਾਂ ਨਰਕ।

103. **ਗਹਿਣੇ ਪਾਉਣਾ** : (ਰੁਪਏ ਦੇ ਬਦਲੇ ਕੋਈ ਚੀਜ਼ ਰੱਖਣੀ) ਰਵੇਲ ਨੇ ਆਪਣਾ ਅਮਲ ਪੂਰਾ ਕਰਦਿਆਂ-ਕਰਦਿਆਂ ਘਰ ਦੀ ਹਰ ਨਿੱਕੀ-ਮੋਟੀ ਵਸਤੂ ਗਹਿਣੇ ਪਾ ਦਿੱਤੀ, ਹੁਣ ਨਿੱਤ ਭੰਗ ਭੁੱਜਦੀ ਹੈ।

104. **ਗਦ-ਗਦ ਹੋਣਾ** : (ਬਹੁਤ ਖ਼ੁਸ਼ ਹੋਣਾ) ਐੱਮ.ਏ. ਪਾਸ ਹੋਣ ਤੋਂ ਬਾਅਦ ਜਦ ਰਣਜੀਤ ਨੂੰ ਇੱਕ-ਦਮ ਕਾਲਜ ਦੀ ਪ੍ਰੋਫ਼ੈਸਰੀ ਮਿਲ ਗਈ ਤਾਂ ਉਹ ਗਦ-ਗਦ ਹੋਇਆ।

105. **ਗਲ-ਗਲ ਪਾਣੀ ਆਉਣਾ** : (ਫ਼ਿਕਰਮੰਦ ਹੋਣਾ) ਵਧ ਰਹੇ ਘਰੇਲੂ ਖ਼ਰਚ ਕਰਕੇ ਮਾਪਿਆਂ ਦੇ ਗਲ-ਗਲ ਪਾਣੀ ਆਇਆ ਪਿਆ ਹੈ, ਉਹ ਹਰ ਵੇਲੇ ਜ਼ਰੂਰੀ ਲੋੜਾਂ ਲਈ ਚਿੰਤਾ ਵਿੱਚ ਡੁੱਬੇ ਰਹਿੰਦੇ ਹਨ।

106. **ਗਲ ਪਿਆ ਢੋਲ ਵਜਾਉਣਾ** : (ਜ਼ੁੰਮੇਵਾਰੀ ਨੂੰ ਨਿਭਾਉਣਾ) ਰਾਜਿੰਦਰ ਐੱਮ.ਬੀ.ਬੀ.ਐੱਸ. ਨਹੀਂ ਸੀ ਕਰਨਾ ਚਾਹੁੰਦਾ ਪਰ ਬਾਪੂ ਦੇ ਜ਼ੋਰ ਦੇਣ 'ਤੇ ਉਸ ਨੂੰ ਗਲ ਪਿਆ ਢੋਲ ਵਜਾਉਣਾ ਪੈ ਰਿਹਾ ਹੈ।

107. **ਗਿੱਲਾ ਪੀਹਣ ਪਾ ਬੈਠਣਾ** : (ਉਸ ਕੰਮ ਨੂੰ ਸ਼ੁਰੂ ਕਰ ਬੈਠਣਾ ਜਿਹੜਾ ਮੁੱਕਣ ਵਿੱਚ ਨਾ ਆਵੇ) ਸੁਰਜਨ ਬਾਪੂ ਦੇ ਮਜਬੂਰ ਕਰਨ 'ਤੇ ਇੰਜੀਨੀਅਰੀ ਦੇ ਕੋਰਸ ਲਈ ਦਾਖ਼ਲਾ ਲੈ ਕੇ ਗਿੱਲਾ ਪੀਹਣ ਪਾ ਬੈਠਾ ਹੈ, ਨਾ ਪਾਸ ਹੁੰਦਾ ਹੈ ਤੇ ਨਾ ਪੜ੍ਹਨੋਂ ਜਾਨ ਛੁੱਟਦੀ ਹੈ।

ਉਪਰੋਕਤ ਮੁਹਾਵਰੇ ਯਾਦ ਕਰਕੇ ਕਾਪੀ ਤੇ ਲਿਖੋ।

(Last page)